# ਯੂਨੈਸਕੋ ਦੀ ਡਾਇਰੈਕਟਰ -ਜਨਰਲ ਇਰੀਨਾ ਬੋਕੋਵਾ ਦਾ ਸੰਦੇਸ਼

## ਕੌਮਾਂਤਰੀ ਮਾਤ ਭਾਸ਼ਾ ਦਿਵਸ ਦੇ ਅਵਸਰ 'ਤੇ

21 ਫਰਵਰੀ 2015

ਸਾਲ 2015 ਵਿਚ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਦੀ ਪੰਦਰਵੀਂ ਵਰ੍ਹੇਗੰਢ ਹੈ।ਇਹ ਸਾਲ ਕਿਉਂਕਿ ਦਹਿਸ਼ਤਾਬਦੀ ਵਿਕਾਸ ਟੀਚਿਆਂ ਦੀ ਅੰਤਮ ਹੱਦ ਹੈ ਇਸ ਲਈ ਇਹ ਅੰਤਰਰਾਸ਼ਟਰੀ ਭਾਈਚਾਰੇ ਲਈ ਇਕ ਨਿਰਣਾਇਕ ਸਾਲ ਵੀ ਹੈ, ਜਦ ਦੁਨੀਆਂ ਦੇ ਦੇਸ਼ ਇਕ ਨਵੇਂ ਵਿਸ਼ਵੀ ਨਿਭਾਉਣਯੋਗ ਵਿਕਾਸ ਏਜੰਡੇ ਨੂੰ ਪਰਿਭਾਸ਼ਤ ਕਰਨਗੇ।

2015 ਬਾਅਦ ਦੇ ਏਜੰਡੇ ਦਾ ਮੁੱਖ ਕੇਂਦਰ ਇਹ ਤਰਜੀਹ ਹੋਵੇਗੀ ਕਿ ਸਭ ਨੂੰ ਗੁਣਵੱਤਾ ਭਰਪੂਰ ਸਿੱਖਿਆ ਪ੍ਰਦਾਨ ਕਰਨ ਦੀ ਦਿਸ਼ਾ ਵਿਚ ਕਦਮ ਵਧਾਏ ਜਾਣ ਯਾਨਿ ਕਿ ਸਿੱਖਿਆ ਤੱਕ ਵਿਆਪਕ ਪਹੁੰਚ ਹੋਵੇ, ਇਹ ਬਰਾਬਰੀ ਵਾਲੀ ਅਤੇ ਸਭ ਲਈ ਸਾਂਵੀਂ (ਸਭ ਦੀ ਭਾਗੇਦਾਰੀ ਵਾਲੀ) ਹੋਵੇ ਅਤੇ ਵਿਸ਼ਵ ਨਾਗਰਿਕਤਾ ਅਤੇ ਨਿਭਾਉਣਯੋਗ ਵਿਕਾਸ ਦੇ ਮੰਤਵ ਨਾਲ ਇਸ ਦਾ ਪੱਧਰ ਉੱਚਿਆਇਆ ਜਾਵੇ।ਮਾਤ ਭਾਸ਼ਾ ਵਿਚ ਸਿੱਖਿਆ ਜਿਹੜੇ ਟੀਚਿਆਂ ਦੀ ਪ੍ਰਾਪਤੀ ਦਾ ਇਕ ਜ਼ਰੂਰੀ ਹਿੱਸਾ ਹੈ ਉਹ ਟੀਚੇ ਹਨ-ਸਿੱਖਿਆ ਸੁਖਾਲੀ ਬਣਾਉਣਾ ਅਤੇ ਪੜ੍ਹਨ, ਲਿਖਣ ਅਤੇ ਗਣਿਤ ਵਿਦਿਆ ਦੀਆਂ ਮੁਹਾਰਤਾਂ ਵਿਕਸਤ ਕਰਨਾ।ਇਸ ਰਾਹ 'ਤੇ ਅੱਗੇ ਵਧਣ ਲਈ ਅਧਿਆਪਨ ਦੀ ਸਿਖਲਾਈ, ਅਕਾਦਮਿਕ ਕਾਰਜਕ੍ਰਮ ਦੀ ਸੁਧਾਈ ਅਤੇ ਢੁਕਵਾਂ ਸਿੱਖਿਆ ਦਾ ਮਾਹੌਲ ਸਿਰਜਣ ਨੂੰ ਏਜੰਡੇ ਵਿਚ ਕੇਂਦਰੀ ਸਥਾਨ ਦੇਣ ਦੀ ਲੋੜ ਹੈ।ਯੂਨੈਸਕੋ ਪੂਰੀ ਦੁਨੀਆਂ ਵਿਚ ਇਹਨਾਂ ਟੀਚਿਆਂ ਨੂੰ ਅੱਗੇ ਵਧਾਉਂਦਾ ਹੈ।ਲਾਤੀਨੀ ਅਮਰੀਕਾ ਵਿਚ ਸੰਯੁਕਤ ਰਾਸ਼ਟਰ ਬਾਲ ਫੰਡ ਦੀ ਸਹਾਇਤਾ ਨਾਲ ਯੂਨੈਸਕੋ ਸਥਾਨਕ ਅਤੇ ਗੈਰ-ਸਥਾਨਕ ਦੋਵਾਂ ਸੱਭਿਆਚਾਰਾਂ ਦੀ ਸ਼ਮੂਲੀਅਤ ਕਰਨ ਲਈ ਦੁਭਾਸ਼ੀ ਅੰਤਰਸੱਭਿਆਚਾਰਕ ਪਹੁੰਚਾਂ (approaches) ਰਾਹੀਂ ਸਾਂਵੀਂ ਸਿੱਖਿਆ ਦਾ ਵਿਕਾਸ ਕਰ ਰਿਹਾ ਹੈ।ਇਹਨਾਂ ਕਾਰਨਾਂ ਕਰਕੇ ਏਸ਼ੀਆ ਅਤੇ ਪਰਸ਼ਾਂਤ ਵਿਚ ਬੈਂਕਾਕ, ਥਾਈਲੈਂਡ ਸਥਿਤ ਸਿੱਖਿਆ ਸਬੰਧੀ ਯੂਨੈਸਕੋ ਖੇਤਰੀ ਬਿਊਰੋ ਇਸ ਦੇ ਲਈ ਕਾਰਜਸ਼ੀਲ ਹੈ ਕਿ ਇਸ ਖੇਤਰ ਅਤੇ ਹੋਰ ਖੇਤਰਾਂ ਵਿਚ ਮਾਤ ਭਾਸ਼ਾ ਅਧਾਰਤ ਬਹੁਭਾਸ਼ਾਈ ਸਿੱਖਿਆ ਸਬੰਧੀ ਸਾਂਝ ਹੋਰ ਪਕੇਰੀ ਹੋਵੇ।ਮਾਤ ਭਾਸ਼ਾ ਵਿਚ ਸਿੱਖਿਆ ਗੁਣਵੱਤਾ ਭਰਪੂਰ ਸਿੱਖਿਆ ਲਈ ਇਕ ਸ਼ਕਤੀ ਬਣ ਜਾਂਦੀ ਹੈ-ਇਹ ਬਹੁਭਾਸ਼ਾਈਵਾਦ ਦੇ ਵਿਕਾਸ ਅਤੇ ਤੇਜ਼ੀ ਨਾਲ ਬਦਲ ਰਹੇ ਸਮਾਜਾਂ ਵਿਚ ਭਾਸ਼ਾਈ ਅਤੇ ਸੱਭਿਆਚਾਰਕ ਵੰਨ-ਸੁਵੰਨਤਾ ਦੇ ਸਤਿਕਾਰ ਲਈ ਵੀ ਜ਼ਰੂਰੀ ਹੈ।

ਸਾਲ 2000 ਤੋਂ ਸਭ ਲਈ ਸਿੱਖਿਆ ਦੇ ਟੀਚੇ ਪ੍ਰਾਪਤ ਕਰਨ ਵਿਚ ਭਾਰੀ ਪ੍ਰਗਤੀ ਹਾਸਲ ਹੋਈ ਹੈ।ਅਜ ਸਾਨੂੰ ਇਸ ਅਧੂਰੇ ਕੰਮ ਨੂੰ ਪੂਰਾ ਕਰਨ ਅਤੇ ਨਵੀਂਆਂ ਚੁਣੌਤੀਆਂ ਨਾਲ ਸਿੱਝਣ ਲਈ ਅੱਵਸ਼ ਅੱਗੇ ਵੱਲ ਵੇਖਣ ਦੀ ਲੋੜ ਹੈ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਸਾਡੇ ਸਭਨਾਂ ਲਈ ਇਕ ਅਵਸਰ ਹੈ ਕਿ ਅਸੀਂ ਸਿੱਖਿਆ ਦੀ ਗੁਣਵੱਤਾ ਵਧਾਉਣ ਅਤੇ ਅਪ੍ਰਾਪਤ ਰਹਿ ਗਏ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਾਰੇ ਵਿਦਿਅਕ ਯਤਨਾਂ ਵਿਚ ਮਾਤ ਭਾਸ਼ਾ ਦੇ ਮਹੱਤਵ ਲਈ ਪਰਚਮ ਉੱਚਾ ਚੁੱਕੀਏ।ਹਰ ਲੜਕੀ ਅਤੇ ਲੜਕੇ, ਹਰ ਔਰਤ ਅਤੇ ਪੁਰਸ਼ ਕੋਲ ਲਾਜ਼ਮੀ ਇਹ ਜ਼ਰੀਏ (tools) ਹੋਣੇ ਚਾਹੀਦੇ ਹਨ ਕਿ ਉਹ ਆਪਣੇ ਸਮਾਜਾਂ ਦੇ ਜੀਵਨ ਵਿਚ ਪੂਰੀ ਭਾਗੇਦਾਰੀ ਕਰ ਸਕਣ।ਇਹ ਇਕ ਮੂਲ ਮਨੁੱਖੀ ਅਧਿਕਾਰ ਹੈ ਅਤੇ ਇਹ ਸਮੁੱਚੇ ਵਿਕਾਸ ਦੀ ਨਿਭਾਉਣਯੋਗਤਾ ਲਈ ਇਕ ਸ਼ਕਤੀ ਹੈ।

ਇਰੀਨਾ ਬੋਕੋਵਾ